ੴ ਸਤਿਗੁਰ ਪ੍ਰਸਾਦਿ ॥

# ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਸਾਡਾ ਕਿਰਦਾਰ

## ਮੂਲ ਰੂਪ ਵਿੱਚ

ਸਿੱਖ ਮਿਸ਼ਨਰੀ ਕਾਲਜ (ਰਜਿ:)

ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882

Download Free

# ਕ੍ਰਾਂਤਿਕਾਰੀ ਜਗਤ ਗੁਰੂਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਸਾਡਾ ਕਿਰਦਾਰ

**ਲੇਖਕ- ਪ੍ਰਿੰ : ਹਰਿਭਜਨ ਸਿੰਘ ਲੁਧਿਆਣਾ**

ਗੁਰੂਨਾਨਕ ਸਾਹਿਬ ਦਾ ਆਗਮਨ ਗੁਰਪੁਰਬ ਮਨਾਉਣ ਆਏ ਸ਼ਰਧਾਲੂਪਿਆਰਿਓ! ਤੁਹਾਡੇ ਧੰਨ ਭਾਗ ਹਨ ਜਿਹਨਾਂ ਨੂੰ ਗੁਰੂਸਾਹਿਬ ਦੀ ਪ੍ਰੇਰਣਾ ਤੇ ਬਖਸ਼ਿਸ਼ ਦਾ ਸਦਕਾ ਸਤਿ ਸੰਗਤਿ ਦੀ ਪ੍ਰਾਪਤੀ ਹੋਈ ਹੈ। ਸਿੱਖ ਧਰਮ ਦੇ ਮਹਾਨ ਵਿਦਵਾਨ 'ਭਾਈ ਗੁਰਦਾਸ ਜੀ' ਦਾ ਕਥਨ ਹੈ :

**ਕੁਰਬਾਣੀ ਤਿਨਾ ਗੁਰਸਿੱਖਾਂ, ਭਾਇ ਭਗਤਿ ਗੁਰਪੁਰਬ ਕਰੰਦੇ।**

ਭਾਈ ਸਾਹਿਬ ਕਹਿੰਦੇ ਹਨ ਕਿ ਮੈਂ ਉਹਨਾਂ ਗੁਰਸਿੱਖਾਂ ਤੋਂ ਕੁਰਬਾਨ ਜਾਂਦਾ ਹਾਂ ਜੋ ਪ੍ਰੇਮਾਂ ਭਗਤੀ ਕਰਕੇ ਗੁਰਪੁਰਬ ਮਨਾਉਂਦੇ ਹਨ।

ਅੱਜ ਦੇ ਦਿਨ, ਅਸੀਂ ਆਪਣੇ ਮਨਾਂ ਵਿਚ ਝਾਤ ਮਾਰਨੀ ਹੈ ਕਿ ਗੁਰੂਨਾਨਕ ਸਾਹਿਬ ਜੀ ਨੇ ਅੱਜ ਸਾਨੂੰ ਕੀ ਕੀ ਉਪਦੇਸ਼ ਦਿੱਤੇ ਸਨ ਤੇ ਅਸੀਂ ਉਹਨਾਂ ਉਪਦੇਸ਼ਾਂ ਨੂੰ ਆਪਣੀ ਹਿਰਦੇ ਵਿਚ ਕਿੰਨੀ ਕੁ ਥਾਂ ਦਿੱਤੀ ਹੈ। ਅਸੀਂ ਗੁਰਪੁਰਬ ਪ੍ਰੇਮਾ ਭਗਤੀ ਕਰਕੇ ਮਨਾਉਣਾ ਹੈ, ਇਹ ਨਾ ਹੋਵੇ ਕਿ ਤੜਕ ਭੜਕ, ਪਹਿਰਾਵੇ ਤੇ ਦਾਨ ਦਾ ਵਿਖਾਵਾ ਕਰਕੇ ਅਤੇ ਕੇਵਲ ਲੰਗਰ ਛਕ ਕੇ ਘਰਾਂ ਨੂੰ ਤੁਰ ਜਾਈਏ ਤੇ ਸਾਨੂੰ ਪਤਾ ਹੀ ਨਾ ਲੱਗੇ ਕਿ ਗੁਰੂਸਾਹਿਬ ਸਾਨੂੰ ਕਹਿਣਾ ਕੀ ਚਾਹੁੰਦੇ ਹਨ।

1. ਗੁਰੂਨਾਨਕ ਸਾਹਿਬ ਨੇ ਸਾਨੂੰ ਇਕ ਅਕਾਲ ਪੁਰਖ ਦੇ ਲੜ ਲਾਇਆ ਸੀ ਜੋ ਸਾਨੂੰ ਸਭ ਨੂੰ ਪੈਦਾ ਕਰਨ ਵਾਲਾ ਹੈ, ਜੋ ਸਾਡੀ ਪਾਲਣਾ ਕਰਨ ਵਾਲਾ ਹੈ, ਜਿਸ ਦੇ ਹੱਥ ਵਿਚ ਸਾਨੂੰ ਮਾਰ ਸਕਣ ਦੀ ਸ਼ਕਤੀ ਹੈ। ਗੁਰੂਸਾਹਿਬ ਨੇ ਹਮੇਸ਼ਾਂ 'ਸਾਹਿਬੁ ਮੇਰਾ, ਏਕੋ ਹੈ।। ਏਕੋ ਹੈ, ਭਾਈ ਏਕੋ ਹੈ।।' ਦੀ ਗੱਲ ਸਮਝਾਈ ਸੀ ਪਰ ਅਸੀਂ ਆਪਣੇ ਆਪ ਨੂੰ ਗੁਰੂਨਾਨਕ ਸਾਹਿਬ ਦੇ ਸਿੱਖ ਅਖਵਾਉਣ ਵਾਲੇ, ਇਕ ਅਕਾਲ ਪੁਰਖ ਦਾ ਦਰ ਛੱਡ ਕੇ ਅੱਡ ਅੱਡ ਡੇਰਿਆ, ਪੀਰਾਂ ਦੀਆਂ ਕਬਰਾਂ, ਦੇਵੀ ਦੇਵਤਿਆਂ, ਪੰਡਤਾਂ, ਜੋਤਸ਼ੀਆਂ ਦੇ ਦੁਆਰੇ 'ਤੇ ਭਟਕ ਰਹੇ ਹਾਂ। ਅਸੀਂ ਭੁੱਲ ਹੀ ਗਏ ਹਾਂ ਕਿ ਗੁਰੂਜੀ ਨੇ ਸਾਨੂੰ ਤਾੜਨਾ ਕੀਤੀ ਸੀ :

**ਦੁਬਿਧਾ ਨ ਪੜਉ, ਹਰਿ ਬਿਨੁ ਹੋਰੁ ਨ ਪੂਜਉ,**

**ਮੜੈ ਮਸਾਣਿ ਨ ਜਾਈ ।।** (ਸੋਰਠਿ, ਮਹਲਾ 1, ਪੰਨਾ 634)

ਕੀ ਇਹ ਕੁਝ ਕਰਕੇ ਅਸੀਂ ਗੁਰੂਨਾਨਕ ਸਾਹਿਬ ਦੇ ਸਿੱਖ ਅਖਵਾ ਸਕਦੇ ਹਾਂ?

2. ਗੁਰੂਸਾਹਿਬ ਨੇ ਕਿਹਾ ਸਮੁੱਚੀ ਮਨੁੱਖਤਾ ਦਾ ਇਕੋ ਇਕ ਧਰਮ ਹੈ ਇਕ ਪ੍ਰਭੂਦੀ ਅਰਾਧਨਾ ਕਰਨੀ, ਨਾਮ ਸਿਮਰਨ ਕਰਨਾ। ਜਪੁ ਜੀ ਦੇ ਅਖੀਰਲੇ ਸਲੋਕ ਵਿਚ ਅਸੀਂ ਰੋਜ਼ ਪੜ੍ਹਦੇ ਹਾਂ :

**ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ ॥**

**ਨਾਨਕ, ਤੇ ਮੁਖ ਉਜਲੇ, ਕੇਤੀ ਛੁਟੀ ਨਾਲਿ ॥**

ਭਾਵ ਜੋ ਨਾਮ ਜਪ ਕੇ ਸ਼ੁਭ ਕਰਮਾਂ ਦੀ ਘਾਲ ਕਮਾਈ ਘਾਲਦੇ ਹਨ, ਉਹ ਆਪਣਾ ਜੀਵਨ ਸਫਲ ਕਰਦੇ ਹਨ ਤੇ ਪ੍ਰਭੂਦੀਆਂ ਨਜ਼ਰਾਂ ਵਿਚ ਕਬੂਲ ਪੈਂਦੇ ਹਨ। ਆਉ ! ਆਪਣੇ ਮਨ ਤੋਂ ਪੁੱਛੀਏ ਕੀ ਅਸੀਂ ਨਾਮ ਜਪਦੇ ਹਾਂ? 'ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ' ਦੇ ਕਥਨ ਅਨੁਸਾਰ ਅੰਮ੍ਰਿਤ ਵੇਲੇ ਦੀ ਸੰਭਾਲ ਕਰਕੇ ਪ੍ਰਭੂਦੀ ਸਿਫਤ ਸਲਾਹ ਕਰਦੇ ਹਾਂ? ਗੁਰੂਸਾਹਿਬ ਦਾ ਕਹਿੰਦੇ ਹਨ:

**ਸੋ ਜੀਵਿਆ, ਜਿਸੁ ਮਨਿ ਵਸਿਆ ਸੋਇ ॥**

**ਨਾਨਕ, ਵਅਰੁ ਨ ਜੀਵੈ ਕੋਇ ॥**

**ਜੇ ਜੀਵੈ, ਪਤਿ ਲਥੀ ਜਾਇ ॥**

**ਸਭੁ ਹਰਾਮੁ, ਜੇਤਾ ਕਿਛੁ ਖਾਇ ॥** (ਪੰਨਾ 142)

ਪਰ ਅਸੀਂ ਨਾਮ ਨਾ ਜਪ ਕੇ, ਵਿਕਾਰਾਂ ਵਿਚ ਗ਼ਲਤਾਨ ਹੋ ਕੇ ਆਤਮਿਕ ਮੌਤੇ ਮਰ ਰਹੇ ਹਾਂ। ਅਸੀਂ ਜਿਉਂਦੇ ਹੀਂ ਲਾਸ਼ਾਂ ਦੇ ਸਮਾਨ ਹਾਂ। ਕਿਹੜੀ ਬੁਰਾਈ ਹੈ ਜੋ ਸਾਡੇ ਅੰਦਰ ਘਰ ਨਹੀਂ ਕਰ ਗਈ? ਪ੍ਰਭੂਤੋਂ ਬੇਮੁਖ, ਗੁਰੂਤੋਂ ਬੇਮੁਖ, ਪਤਿ ਵਿਹੂਣਾ ਜੀਵਨ, ਧ੍ਰਿਕਾਰ ਵਾਲਾ ਜੀਵਨ ਅਸੀਂ ਜੀਉ ਰਹੇ ਹਾਂ।

3. ਜਦੋਂ ਗੁਰੂਨਾਨਕ ਸਾਹਿਬ ਨੂੰ ਸਿੱਧਾ ਨੇ ਪੁੱਛਿਆ ਤੁਹਾਡਾ ਗੁਰੂਕੌਣ ਹੈ ਤਾਂ ਗੁਰੂਜੀ ਨੇ ਕਿਹਾ ਸ਼ਬਦ ਹੀ ਮੇਰਾ ਗੁਰੂਹੈ :

**ਸਬਦੁ ਗੁਰੂ, ਸੁਰਤਿ ਧੁਨਿ ਚੇਲਾ ॥** (ਪੰਨਾ 943)

ਯਥਾ

**ਸਬਦੁ ਗੁਰ ਪੀਰਾ, ਗਹਿਰ ਗੰਭੀਰਾ,**

**ਬਿਨੁ ਸਬਦੈ ਜਗੁ ਬਉਰਾਨੰ ॥** (ਪੰਨਾ 634)

ਪਰ ਅਸੀਂ ਸ਼ਬਦ ਗੁਰੂਸ੍ਰੀ ਗੁਰੂਗ੍ਰੰਥ ਸਾਹਿਬ ਦਾ ਲੜ ਛੱਡ ਕੇ ਅਨੇਕਾਂ ਦੇਹਧਾਰੀ ਗੁਰੂਆਂ ਅੱਗੇ ਮੱਥੇ ਰਗੜ ਰਹੇ ਹਾਂ। ਅਸੀਂ ਭੁੱਲ ਹੀ ਚੁੱਕੇ ਹਾਂ ਕਿ ਸਾਨੂੰ 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ' ਦਾ ਉਪਦੇਸ਼ ਦਿੱਤਾ ਗਿਆ ਸੀ। ਕੀ ਇਹਨਾਂ ਉਪਦੇਸ਼ਾਂ ਦੇ ਹੁੰਦਿਆਂ ਕਿਸੇ ਦੇਹਧਾਰੀ ਗੁਰੂਨੂੰ ਮੰਨਣ ਤੇ ਪੂਜਣ ਵਾਲਾ ਗੁਰੂਨਾਨਕ ਦਾ ਸਿੱਖ ਅਖਵਾਉਣ ਦਾ ਹੱਕਦਾਰ ਹੋ ਸਕਦਾ ਹੈ?

4. ਸ਼ਬਦ ਗੁਰੂ ਦੇ ਲੜ ਲਗ ਕੇ, ਗੁਰੂਸ਼ਬਦ ਦੀ ਕਮਾਈ ਕਰਕੇ ਅਜਿਹਾ ਜੀਵਨ ਜਿਊਣਾ ਹੈ ਜਿਸ ਨਾਲ ਮਨ ਤੇ ਆਤਮਾ ਪਾਪਾਂ ਤੇ ਵਿਕਾਰਾਂ ਨੂੰ ਤਿਆਗ ਪ੍ਰਭੂ ਦੀ ਤਰ੍ਹਾਂ ਨਿਰਮਲ ਹੋ ਜਾਵੇ। ਗੁਰੂਜੀ ਨੇ ਸਫ਼ਲ ਜੀਵਨ ਜਿਊਣ ਦਾ ਸੁਖੈਨ ਢੰਗ ਦੱਸਿਆ :

ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ

ਕਿਰਤ ਅਸੀਂ ਸਾਰੇ ਕਰਦੇ ਹਾਂ ਪਰ ਧਰਮ ਦੀ ਕਿਰਤ ਜੋ ਗੁਰੂਬਾਬੇ ਨੇ ਦੱਸੀ ਸੀ, ਉਹ ਨਹੀਂ ਕਰਦੇ। ਗੁਰੂਸਾਹਿਬ ਨੇ ਮੋਦੀਖਾਨੇ ਵਿਚ ਬੈਠ ਕੇ ਧਰਮ ਦੀ ਕਿਰਤ ਸਿਖਾਲਦੇ ਹੋਏ ਆਖਿਆ :

'ਅਸੀਂ ਠੂੰਗਾ ਕਿਉਂ ਮਾਰੀਏ, ਆਤਮਾ 'ਤੇ ਵੱਟੇ ਪੱਥਰ ਬਣ ਕੇ ਆਤਮਾ ਨੂੰ ਡੋਬ ਦੇਂਦੇ ਹਨ। ਪਾਸਕੂ ਕਿਉਂ ਰੱਖੀਏ? ਇਖ਼ਲਾਕ ਵਿਚ ਕਾਣ ਪੈ ਜਾਂਦੀ ਹੈ। ਕਣਕ ਉਸ ਸਿਰਜਣਹਾਰ ਦੀ ਹੈ, ਅਸੀਂ ਗਿਣਤੀਆਂ ਦੇ ਚੱਕਰ ਵਿਚ ਕਿਉਂ ਪਈਏ? ਸ਼ੱਕਰ ਉਸ ਕਰਤਾਰ ਦੀ ਹੈ। ਸ਼ੱਕਰ ਤੋਲਦੇ ਅਸੀਂ ਕਿਉਂ ਕੌੜੇ ਬਣੀਏ? ਘਾਟਾ ਪੈਂਦਾ ਹੈ ਪ੍ਰਭੂ ਨਾਲੋਂ ਟੁੱਟ ਜਾਣ ਵਿਚ ਤੇ ਵਾਧਾ ਹੁੰਦਾ ਹੈ ਉਸ ਨਾਲ ਜੁੜਨ ਵਿਚ। ਉਸ ਦੀਆਂ ਦਿੱਤੀਆਂ ਦਾਤਾਂ ਨਹੀਂ ਨਿਖੁਟਦੀਆਂ, ਖਾਣ ਵਾਲੇ ਮੁੱਕ ਜਾਂਦੇ ਹਨ।'

ਆਪੋ ਆਪਣੀ ਕਿਰਤ ਵੱਲ ਝਾਤ ਪਾਈਏ ਕਿਧਰੇ ਅਸੀਂ ਠੂੱਗਾ, ਪਾਸਕੂ ਵਾਲੀ ਬਿਰਤੀ ਤਾਂ ਨਹੀਂ ਬਣਾ ਬੈਠੇ? ਦਫ਼ਤਰਾਂ ਵਿਚ ਕੰਮ ਕਰਦੇ ਅਸੀਂ ਸਭ ਵੇਖੀਏ ਕਿਧਰੇ ਕੌੜਾ ਬੋਲਣ ਦਾ ਸੁਭਾਅ ਤਾਂ ਨਹੀਂ ਬਣ ਗਿਆ? ਮਿਲਾਵਟ, ਬੇਈਮਾਨੀ, ਹੇਰਾ-ਫੇਰੀ, ਰਿਸ਼ਵਤ, ਬਲੈਕ ਦਾ ਪੈਸਾ ਕਮਾਉਣ ਵਾਲੇ ਗੁਰੂਨਾਨਕ ਦੇ ਸਿੱਖੀ ਦਾਇਰੇ ਤੋਂ ਬਾਹਰ ਹੀ ਰਹਿਣਗੇ। ਉਹ ਬਿਨਾਂ ਇਹ ਕੁਝ ਛੱਡਣ ਦੇ ਗੁਰੂਨਾਨਕ ਦੀ ਗੋਦ ਦਾ ਅਨੰਦ ਨਹੀਂ ਮਾਣ ਸਕਦੇ।

5. ਗੁਰੂਜੀ ਨੇ ਮਾਇਆ ਨੂੰ 'ਗੁਜ਼ਰਾਨ' ਕਿਹਾ ਸੀ। ਮਾਇਆ ਜ਼ਿੰਦਗੀ ਦੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਜ਼ਰੂਰੀ ਹੈ ਪਰ ਤਜੌਰੀਆਂ ਤੇ ਬੈਂਕਾਂ ਦੇ ਖਾਤੇ ਭਰਨ ਲਈ ਨਹੀਂ। ਗੁਰੂਜੀ ਨੇ ਕਿਹਾ ਕਿ ਧਰਮ ਦੀ ਕਿਰਤ ਨਾਲ ਗੁਜ਼ਰਾਨ ਜੋਗੀ ਮਾਇਆ ਪ੍ਰਾਪਤ ਹੋ ਜਾਂਦੀ ਹੈ, ਪਰ ਤਜੌਰੀਆਂ ਭਰਨ ਲਈ ਤਾਂ ਪਾਪਾਂ ਨਾਲ ਭਰੀ ਕਿਰਤ ਹੀ ਕਰਨੀ ਪਵੇਗੀ :

**ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ ॥** (ਪੰਨਾ 417)

ਜਦੋਂ ਪਿਤਾ ਕਾਲੂਜੀ ਨੇ ਗੁਰੂਸਾਹਿਬ ਨੂੰ ਸੁਲਤਾਨਪੁਰ ਆ ਕੇ ਪੁੱਛਿਆ : ਕਿੰਨੀ ਕੁ ਮਾਇਆ ਜੋੜੀ ਹੈ? ਤਾਂ ਗੁਰੂਜੀ ਨੇ ਜੁਆਬ ਦਿੱਤਾ :

**ਨਹੀਂ ਹਾਥਿ ਕੇ ਆਥਿ ਕਰੇ ਥਿਰਤਾ, ਇਤ ਆਵਤ ਹੈ ਉਤ ਹੂੰ ਚਲ ਜਾਈ ॥** (ਸੂਰਜ ਪ੍ਰਕਾਸ਼)

ਪਿਤਾ ਜੀ ! ਮਾਇਆ ਮੇਰੇ ਹੱਥਾਂ ਵਿਚ ਟਿਕਦੀ ਨਹੀਂ। ਇਧਰੋਂ ਆਉਂਦੀ ਹੈ ਉਧਰ ਗਰੀਬਾਂ ਲੋੜਵੰਦਾ ਦੀਆਂ ਲੋੜਾਂ ਪੂਰੀਆਂ ਕਰਨ 'ਤੇ ਖ਼ਰਚ ਹੋ ਜਾਂਦੀ ਹੈ। ਗੁਰੂਜੀ ਨੇ ਸਾਨੂੰ ਇਹ ਉਪਦੇਸ਼ ਦਿੱਤਾ ਸੀ :

**ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥** (ਪੰਨਾ 1245)

ਪਰ ਅਸੀਂ ਸਮਾਜ ਵਿਚ ਨਿਤਾਣੇ, ਗ਼ਰੀਬ, ਲੋੜਵੰਦ ਮਨੁੱਖ ਨੂੰ ਵੇਖ ਕੇ ਵੀ ਅੱਖਾਂ ਮੀਟ ਛਡਦੇ ਹਾਂ। ਸਾਨੂੰ ਰੋਟੀ ਕੱਪੜਾ ਮਿਲਣਾ ਚਾਹੀਦਾ ਹੈ, ਗ਼ਰੀਬ ਨਿਮਾਣਾ ਗੁਆਂਢੀ ਭੁੱਖਾ, ਪਿਆਸਾ, ਨੰਗਾ ਫਿਰਦਾ ਰਹੇ, ਸਾਨੂੰ ਕੀ? ਵੰਡ ਛਕਣ ਦੇ ਉਪਦੇਸ਼ ਨੂੰ ਕੇਵਲ ਗੁਰਪੁਰਬ ਵਾਲੇ ਦਿਨ ਲੰਗਰ ਛਕਾਉਣ ਤੱਕ ਹੀ ਸੀਮਤ ਕਰ ਦੇਣਾ ਗੁਰੂਨਾਨਕ ਦੀ ਸਿੱਖੀ ਦਾ ਆਸ਼ਾ ਨਹੀਂ, ਸਗੋਂ ਜੀਵਨ ਦੇ ਹਰ ਖੇਤਰ ਵਿਚ ਲੋੜਵੰਦ ਦੀ ਸਹਾਇਤਾ ਕਰਨੀ ਤੇ ਹਰ ਦੁੱਖੀ ਬੰਦੇ ਨਾਲ ਦੁਖ ਦੀ ਸਾਂਝ ਪਾ ਕੇ ਉਸ ਨੂੰ ਆਪਣੇ ਬਰਾਬਰ ਖੜ੍ਹਾ ਕਰਨਾ ਗੁਰੂਨਾਨਕ ਮਾਰਗ ਦਾ ਮੁੱਖ ਉਦੇਸ਼ ਹੈ। ਅੱਜ ਦਾ ਅਖੌਤੀ ਸਮਾਜਵਾਦ ਲੁੱਟ ਖੋਹ ਕੇ, ਖ਼ੂਨ ਖਰਾਬਾ ਕਰਕੇ, ਫਿਰ ਸਭ ਨੂੰ ਬਰਾਬਰੀ ਦੇ ਅਧਿਕਾਰ ਦੇਣ ਵਿਚ ਯਕੀਨ ਰੱਖਦਾ ਹੈ, ਪਰ ਜਿਸ ਸਮਾਜਵਾਦ ਦੀ ਨੀਂਹ ਗੁਰੂਨਾਨਕ ਸਾਹਿਬ ਨੇ ਰੱਖੀ, ਉਸ ਵਿਚ ਲੁੱਟ ਖੋਹ ਕੇ ਨਹੀਂ? ਖ਼ੂਨ ਡੋਲ੍ਹ ਡੁਲ੍ਹਾ ਕੇ ਨਹੀਂ, ਸਗੋਂ ਹੱਥੋਂ ਦੇ ਕੇ ਊਣੇ ਨੂੰ ਸਾਵਾਂ ਕਰਨਾ ਹੈ, ਖ਼ਾਲੀ ਦੇ ਪੱਲੇ ਹੱਥੋਂ ਕੁਝ ਪਾ ਕੇ ਉਸ ਨੂੰ ਪੂਰਾ ਕਰਨਾ ਹੈ। ਅੱਜ ਲੋੜ ਹੈ ਪੰਥਕ ਆਗੂਆਂ, ਸਿੰਘ ਸਭਾਵਾਂ ਤੇ ਸਿੱਖ ਜਥੇਬੰਦੀਆਂ ਨੂੰ ਕਿ ਉਹ ਗੁਰੂਬਾਬੇ ਦੇ ਵੰਡ ਛਕਣ ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਕੀਮਾਂ ਬਣਾਉਣ, ਗ਼ਰੀਬਾਂ ਨੂੰ ਰੁਜ਼ਗਾਰ ਦੇ ਵਸੀਲੇ ਦੇਣ ਫੈਕਟਰੀਆਂ ਕਾਰਖਾਲੇ ਖੋਲ੍ਹਣ ਤੇ ਲੋੜਵੰਦਾਂ ਦੀ ਮਦਦ ਕਰਨ ਲਈ 'ਗੁਰੂਦੀ ਗੋਲਕ' ਦੇ ਖ਼ਖਾਨੇ ਦਾ ਮੂੰਹ ਖੋਲ੍ਹ ਦੇਣ। ਸੰਗਮਰਮਰ ਤੇ ਸੋਨੇ ਦੇ ਕਲਸ ਗੁਰਦੁਆਰਿਆਂ 'ਤੇ ਬਹੁਤ ਲੱਗ ਚੁੱਕੇ ਹਨ, ਗੁਰਦੁਆਰਿਆਂ ਦਾ ਮੂੰਹ ਮੱਥਾ ਬਹੁਤ ਸ਼ਿੰਗਾਰਿਆ ਜਾ ਚੁੱਕਾ ਹੈ, ਹੁਣ ਲੋੜ ਹੈ ਲੋੜਵੰਦ ਗੁਰਸਿੱਖਾਂ ਦਾ ਮੂੰਹ ਮੱਥਾ ਸ਼ਿੰਗਾਰਨ ਦੀ: ਜੋ ਵਿਕਾਰਾਂ ਦੀ ਡੂੰਘੀ ਖੱਡ ਵਿਚ ਡਿੱਗੇ ਪਏ ਹਨ, 'ਧਰਮ ਪ੍ਰਚਾਰ' ਦੀ ਲਹਿਰ ਚਲਾ ਕੇ ਉਹਨਾਂ ਨੂੰ ਉਥੋਂ ਚੁੱਕ ਕੇ 'ਨਾਮ ਮਾਰਗ' 'ਤੇ ਤੋਰਨ ਦੀ। ਸਰੀਰ ਦੀ ਖ਼ੁਰਾਕ ਤੇ ਆਤਮਾ ਦੀ ਖ਼ੁਰਾਕ ਦੇ ਕੇ ਹੀ ਅਸੀਂ ਆਪਣੀ ਕੌਮ ਨੂੰ ਖੜ੍ਹਾ ਕਰ ਸਕਦੇ ਹਾਂ। ਜੇ ਅਸੀਂ ਕੌਮ ਦੇ ਆਰਥਕ ਪੱਖ ਵੱਲ ਧਿਆਨ ਨਾ ਦਿੱਤਾ ਤਾਂ ਕੌਮ ਸਰਮਾਏਦਾਰੀ ਦੀ ਗ਼ੁਲਾਮ ਬਣ ਕੇ ਰਹਿ ਜਾਵੇਗੀ। ਗੁਰੂਨਾਨਕ ਨੇ ਸਰਮਾਏਦਾਰੀ ਦਾ ਸਾਥ ਨਹੀਂ ਸੀ ਦਿੱਤਾ, ਗ਼ਰੀਬਾਂ ਦਾ ਸਾਥ ਦਿੱਤਾ ਸੀ । ਉਨ੍ਹਾਂ ਮਲਕ ਭਾਗੋ ਨੂੰ ਠੁਕਰਾ ਕੇ ਭਾਈ ਲਾਲੋ ਨੂੰ ਗਲ ਨਾਲ ਲਾਇਆ ਸੀ ਤੇ ਕਿਹਾ ਸੀ :

**ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂਅਤਿ ਨੀਚੁ ॥**

**ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ ॥**

**ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ ॥** (ਪੰਨਾ 15)

6. ਮਲਕ ਭਾਗੋ ਨੂੰ ਸਮਝਾਉਂਦਿਆਂ ਗੁਰੂਜੀ ਨੇ ਕਿਹਾ ਸੀ :

'ਕਿਕਰ ਦੇ ਬੀਜ ਨੂੰ ਕੰਡੇ ਨਹੀਂ ਹੁੰਦੇ, ਪਰ ਜਦੋਂ ਬੀਜ ਦਿਉ, ਬੂਟਾ ਉੱਗ ਪਵੇ ਤਾਂ ਕੰਡੇ ਤੇ ਸੂਲਾਂ ਨਿਕਲ ਆਉਂਦੀਆਂ ਹਨ।'

ਦੂਸਰੇ ਦਾ ਹੱਕ ਮਾਰ ਕੇ ਬੇਈਮਾਨੀ ਦੀ ਕਮਾਈ ਨਾਲ ਇਕੱਠਾ ਕੀਤਾ ਧਨ ਤੇ ਉਸ ਧਨ ਨਾਲ ਇਕੱਠੇ ਕੀਤੇ ਪਦਾਰਥ ਵੇਖਣ ਨੂੰ ਦੁਖਦਾਈ ਨਹੀਂ ਭਾਸਦੇ ਪਰ ਜਦੋਂ ਖਾਧੇ ਜਾਂਦੇ ਹਨ ਤਾਂ ਦੁੱਖ ਦੇਂਦੇ ਹਨ। ਅਜਿਹੇ ਪਦਾਰਥ

ਖਾਣ ਵਾਲੇ ਦਾ ਹਿਰਦਾ ਨਿਰਮਲ ਨਹੀਂ ਹੁੰਦਾ। ਅਜਿਹੇ ਹਿਰਦੇ ਵਿਚ ਸਿਮਰਨ ਦਾ ਵਾਸਾ ਕਿੱਥੇ? ਅਜਿਹੇ ਪਦਾਰਥ ਐਸੇ ਹਨ ਜਿਵੇਂ ਖੰਡ ਵਿਚ ਲਪੇਟਿਆ ਜ਼ਹਿਰ। ਗੁਰੂਜੀ ਨੇ ਫ਼ੁਰਮਾਇਆ ਹੈ:

**ਜੇ ਰਤੁ ਲਗੈ ਕਪੜੈ, ਜਾਮਾ ਹੋਇ ਪਲੀਤੁ ॥**

**ਜੋ ਰਤੁ ਪੀਵਹਿ ਮਾਣਸਾ, ਤਿਨ ਕਿਉ ਨਿਰਮਲੁ ਚੀਤੁ ॥** (ਪੰਨਾ 140)

ਸਰਮਾਏਦਾਰ ਬੰਦੇ 'ਦਾਨ' ਦਾ ਵਿਖਾਵਾ ਕਰਕੇ ਸਮਝਦੇ ਹਨ ਕਿ ਇਸ ਤਰ੍ਹਾਂ ਸਾਡੇ ਵਿਕਾਰ, ਸਾਡੇ ਪਾਪ ਗ਼ੁਨਾਹ ਮੁਆਫ਼ ਹੋ ਜਾਣਗੇ। ਇਸ ਲਈ ਉਹ ਅਖੰਡ ਪਾਠਾਂ ਦੀਆਂ ਲੜੀਆਂ ਚਲਾਉਂਦੇ ਹਨ, ਲੰਗਰ ਲਈ ਵੱਧ ਤੋਂ ਵੱਧ ਆਟੇ ਦੀਆਂ ਬੋਰੀਆਂ ਦੇਂਦੇ ਹਨ, ਗੁਰਦੁਆਰਿਆਂ ਵਿਚ ਕਮਰੇ ਬਣਵਾ ਕੇ ਉਪਰ ਆਪਣੇ ਨਾਮ ਦੀ ਸਿਲ ਲਗਵਾਉਂਦੇ ਹਨ। ਪਰ ਕੀ ਬੇਈਮਾਨੀ ਦੀ ਕਮਾਈ ਨਾਲ ਕੀਤਾ ਦਾਨ ਪੁੰਨ ਕਿਸੇ ਅਰਥ ਹੋ ਸਕਦਾ ਹੈ? ਗੁਰੂਜੀ ਦੇ ਕਹੇ ਅਨੁਸਾਰ ਤਾਂ ਨਹੀਂ ਹੋ ਸਕਦਾ। ਪ੍ਰਭੂ ਦੀ ਦਰਗਾਹ ਵਿਚ ਤਾਂ ਮਨੁੱਖ ਦੀ ਕਰਨੀ ਅਨੁਸਾਰ ਹੀ ਫ਼ੈਸਲਾ ਹੁੰਦਾ ਹੈ:

**ਨਾਨਕ, ਅਗੈ ਸੋ ਮਿਲੈ, ਜਿ ਖਟੇ ਘਾਲੇ ਦੇਇ ॥** (ਪੰਨਾ 472)

ਗੁਰਦੁਆਰਾ ਦੀ ਸੇਵਾ ਕਰਨੀ ਉੱਤਮ ਗੱਲ ਹੈ, ਪਰ ਜੇ ਕਿਰਤ ਕਮਾਈ ਧਰਮ ਦੀ ਹੋਵੇ। ਗੁਰੂਨਾਨਕ ਸਾਹਿਬ ਦੀ ਹੀ ਇਹ ਹਿੰਮਤ ਸੀ ਕਿ ਉਹਨਾਂ ਨੇ ਮਲਕ ਭਾਗੋ ਨੂੰ ਠੁਕਰਾਣ ਦੀ ਜੁਰਅਤ ਕੀਤੀ। ਅਯੋਗ ਤਰੀਕੇ ਨਾਲ ਕਮਾਏ ਧਨ ਨੂੰ ਗੁਰੂਨੇ ਭੰਡਿਆ। ਐਸੀ ਸਰਮਾਏਦਾਰੀ ਨੂੰ ਗੁਰੂਜੀ ਨੇ ਅਪ੍ਰਵਾਨ ਕਰ ਦਿੱਤਾ : ਪਰ ਅੱਜ ਰਾਜਸੀ, ਸਮਾਜਿਕ, ਧਾਰਮਿਕ ਭਾਵ ਹਰ ਖੇਤਰ ਵਿਚ ਸਰਮਾਏਦਾਰੀ ਦਾ ਹੀ ਬੋਲਬਾਲਾ ਹੈ। ਸ਼ਾਇਦ ਹੀ ਕੋਈ ਐਸਾ ਗੁਰਦੁਆਰਾ ਹੋਵੇਗਾ, ਜਿਸ ਦਾ ਪ੍ਰਧਾਨ ਭਾਈ ਲਾਲੋ ਵਰਗਾ ਗ਼ਰੀਬ ਸਿੱਖ ਹੋਵੇ। ਕੋਈ ਵਿਰਲਾ ਜਥੇਦਾਰ ਹੀ ਹੋਵੇਗਾ ਜੋ ਕਿਰਤੀ ਸ਼੍ਰੇਣੀ ਵਿਚੋਂ ਭਾਈ ਲਾਲੋ ਦਾ ਸਾਥੀ ਹੋਵੇ।

7. ਗੁਰੂਨਾਨਕ ਮਾਇਆਧਾਰੀਆਂ ਨੂੰ 'ਅੰਨ੍ਹਾ ਤੇ ਬੋਲਾ' ਕਹਿਣ ਦੀ ਦਲੇਰੀ ਰਖਦੇ ਹਨ, ਪਰ ਮਾਇਆਧਾਰੀ ਪ੍ਰਬੰਧਕਾਂ ਦੇ ਖਰੀਦੇ ਨਿਤਾਣੇ ਭਾਈ, ਮੁੱਲਾਂ, ਪੰਡਤ ਪੈਸੇ ਦੇ ਲੋਭ ਵਿਚ ਮਾਇਆਧਾਰੀਆਂ ਦੀ ਬੇਹਤਰੀ ਲਈ ਸੰਖ ਵਜਾਂਦੇ, ਲੰਮੀਆਂ ਅਰਦਾਸਾਂ ਕਰਦੇ ਤੇ ਰਹਿਮਤਾਂ ਮੰਗਦੇ ਹਨ। ਗੁਰੂਨਾਨਕ, ਜ਼ਾਲਮ ਰਾਜਿਆਂ ਨੂੰ 'ਰੱਤ ਪੀਣੇ ਕੁੱਤੇ' ਕਹਿਣ ਦੀ ਦਲੇਰੀ ਕਰਦੇ ਹਨ ਪਰ ਅੱਜ ਕਿੰਨੇ ਕੁ ਹਨ ਸਾਡੇ ਵਿਚੋਂ ਜੋ 'ਸਚੁ ਸੁਣਾਇਸੀ ਸਚ ਕੀ ਬੇਲਾ' ਦੇ ਕਥਨ ਅਨੁਸਾਰ ਸੱਚ ਕਹਿਣ ਦੀ ਜੁਰਅਤ ਕਰ ਸਕਣ? ਕੱਚ ਨੂੰ ਕੱਚ ਤੇ ਸੱਚ ਨੂੰ ਸੱਚ ਕਹਿਣ ਦੀ ਦਲੇਰੀ ਕਿੰਨਿਆਂ ਕੁ ਵਿਚ ਹੈ? ਮਲਕ ਭਾਗੋਆਂ ਨੂੰ ਠੁਕਰਾਣ ਤੇ ਭਾਈ ਲਾਲੋ ਵਰਗਿਆਂ ਨੂੰ ਸਤਿਕਾਰਨ ਦਾ ਕਿੰਨਾ ਕੁ ਸਾਹਸ ਹੈ? ਧਰਮ ਅਸਥਾਨਾਂ 'ਤੇ ਚੜ੍ਹੇ ਚੜ੍ਹਾਂਵੇ ਦੀ ਕੌਣ ਪਰਖ ਕਰਦਾ ਹੈ ਕਿ ਦੁੱਧ ਹੈ ਜਾਂ ਖ਼ੂਨ? ਕਿਸ ਪਾਸ ਇਤਨਾ ਸਮਾਂ ਹੈ ਤੇ ਕਿਸ ਪਾਸ ਏਨੀ ਦਲੇਰੀ? ਅਸੀਂ ਗੁਰੂਨਾਨਕ ਦੇ ਸਿੱਖ ਕਹਾਉਣ ਵਾਲੇ ਤਾਂ ਬਸ ਮਲਕ ਭਾਗੋ ਤੇ ਭਾਈ ਲਾਲੋ ਵਾਲੀ ਸਾਖੀ, ਚਸਕੇ ਲਾ ਲਾ ਕੇ ਕੇਵਲ ਸੁਣ ਤੇ ਸੁਣਾ ਹੀ ਸਕਦੇ ਹਾਂ, ਇਸ ਸਾਖੀ ਨੂੰ ਜੀਵਨ ਵਿਚ, ਧਾਰਮਿਕ ਤੇ ਰਾਜਨੀਤਕ ਖੇਤਰ ਵਿਚ ਅਪਨਾਉਣ ਦੀ ਜੁਰਅਤ ਕੌਣ ਕਰੇ?

8. ਗੁਰੁਸਾਹਿਬ ਨੇ ਸਦਾ ਹੀ ਗੁਰਬਾਣੀ ਤੇ ਸੰਗਤ ਨੂੰ ਉੱਚਾ ਦਰਜਾ ਦਿੱਤਾ। ਜਦੋਂ ਸਿੱਧਾਂ ਨੇ ਕਿਹਾ ਕਿ ਕੋਈ ਕਰਾਮਾਤ ਵਿਖਾਉ, ਤਾਂ ਗੁਰੂਜੀ ਨੇ ਕਿਹਾ :

**ਗੁਰ ਸੰਗਤਿ ਬਾਣੀ ਬਿਨਾ, ਦੂਜੀ ਓਟ ਨਹੀਂ ਹੈ ਰਾਈ ॥** (ਭਾਈ ਗੁਰਦਾਸ ਜੀ)

ਕਰਾਮਾਤਾਂ ਵਿਖਾਉਣ ਵਾਲੇ, ਅਹੰਕਾਰ ਦੀਆਂ ਟੀਸੀਆਂ 'ਤੇ ਚੜ੍ਹੇ ਹੋਏ ਸਿੱਧਾਂ ਨੇ ਮਨ ਵਿਚ ਇਹ ਵਿਚਾਰਿਆ ਕਿ ਜੇ ਗੁਰੂਨਾਨਕ ਉਹਨਾਂ ਦੇ ਰਸਤੇ 'ਤੇ ਟੁਰ ਪਵੇ ਤਾਂ ਉਹਨਾਂ ਦਾ ਪੰਥ ਰੋਸ਼ਨ ਕਰ ਸਕਦਾ ਹੈ। ਭਾਈ ਗੁਰਦਾਸ ਜੀ ਅਨੁਸਾਰ ਨੇੜੇ ਦੇ ਤਲਾਬ ਤੋਂ ਪਾਣੀ ਲਿਆਉਣ ਲਈ ਖੱਪਰ ਦਿੱਤਾ। ਗੁਰੂਜੀ ਤਲਾਬ ਤੋਂ ਵਾਪਸ ਆ ਕੇ ਕਹਿਣ ਲੱਗੇ ਕਿ ਉੱਥੇ ਪਾਣੀ ਨਹੀਂ ਹੈ।

ਸਿੱਧਾਂ ਨੇ ਪੁੱਛਿਆ ਕਿ ਕੀ ਉਹਨਾਂ ਨੇ ਉੱਥੇ ਰਤਨ, ਜਵਾਹਰ ਨਹੀਂ ਵੇਖੇ? ਗੁਰੂਜੀ ਨੇ ਮੋੜਵਾਂ ਉੱਤਰ ਦਿੱਤਾ, "ਲੈਣ ਉਹ ਪਾਣੀ ਗਏ ਸਨ, ਹੀਰਿਆਂ ਜਵਾਹਰਾਤਾਂ ਨਾਲ ਉਹਨਾਂ ਦਾ ਕੀ ਵਾਸਤਾ?" ਸਿੱਧ ਇਹ ਬਚਨ ਸੁਣ ਕੇ ਸ਼ਰਮਸਾਰ ਹੋ ਗਏ। ਇਹ ਸਾਖੀ ਅਸੀਂ ਸੁਣ ਲੈਂਦੇ ਹਾਂ ਪਰ ਅਮਲ ਤੋਂ ਕੋਹਾਂ ਦੂਰ ਹਾਂ। ਗੁਰੂਨਾਨਕ ਜਵਾਹਰਾਤਾਂ ਦੀ ਕਰਾਮਾਤ 'ਤੇ ਪਸੀਜਦਾ ਨਹੀਂ। ਉਹ 'ਰਿਧਿ ਸਿਧਿ ਅਵਰਾ ਸਾਦਿ' ਦਾ ਹੋਕਾ ਦੇਂਦਾ ਹੈ ਪਰ ਸਾਨੂੰ ਕਿਸੇ ਬਾਰੇ ਪਤਾ ਲੱਗ ਜਾਵੇ ਕਿ ਫਲਾਣਾ ਬਾਬਾ ਬੜਾ ਕਰਾਮਾਤੀ ਹੈ, ਫਲਾਣੇ ਨੇ ਇਹ ਕਰ ਦਿੱਤਾ, ਫਲਾਣੇ ਨੇ ਉਹ ਕਰ ਦਿੱਤਾ ਤਾਂ ਅਸੀਂ ਗੁਰੂਗ੍ਰੰਥ ਸਾਹਿਬ ਨੂੰ, ਗੁਰਸਿੱਖੀ ਨੂੰ ਪਿੱਠ ਦੇ ਕੇ ਉਹਨਾਂ ਥਾਵਾਂ 'ਤੇ ਜਾਣੋਂ ਵੀ ਸੰਕੋਚ ਨਹੀਂ ਕਰਦੇ, ਜਿੱਥੇ ਜਾਣ ਦੀ ਸਿੱਖ ਮਤ ਬਿਲਕੁਲ ਆਗਿਆ ਨਹੀਂ ਦੇਂਦਾ। ਸਾਡਾ ਗੁਰੂਨਾਨਕ 'ਤੇ ਸਿਦਕ ਕੱਚਾ ਹੈ। ਬਾਬਾ ਕਰਾਮਾਂਤ ਨੂੰ ਲੱਤ ਮਾਰਦਾ ਹੈ, ਪਰ ਅਸੀਂ ਗਲੇ ਲਾਉਂਦੇ ਹਾਂ। ਗੁਰੂਬਾਬਾ ਤਾਂ ਕਹਿੰਦਾ ਹੈ :

**ਸਿਧੁ ਹੋਵਾ ਸਿਧਿ ਲਾਈ, ਰਿਧਿ ਆਖਾ ਆਉ ॥**

**ਗੁਪਤੁ ਪਰਗਟੁ ਹੋਇ ਬੈਸਾ, ਲੋਕੁ ਰਾਖੈ ਭਾਉ ॥**

**ਮਤੁ ਦੇਖਿ ਭੂਲਾ ਵੀਸਰੈ, ਤੇਰਾ ਚਿਤਿ ਨ ਆਵੈ ਨਾਉ ॥** (ਪੰਨਾ 14)

ਪਰ ਅਸੀਂ ਪ੍ਰਭੂਦਾ ਸਿਮਰਨ ਭੁੱਲ ਕੇ, ਕਰਾਮਾਤੀ ਵਿਅਕਤੀਆਂ ਦਾ ਸਿਮਰਨ ਕਰਨਾ ਸ਼ੁਰੂਕਰ ਦਿੰਦੇ ਹਾਂ। ਗੁਰੂਨਾਨਕ ਦੇ ਦੱਸੇ ਰਾਹ 'ਤੇ ਅਸੀਂ ਕਦੋਂ ਚੱਲਾਂਗੇ? ਇਹ ਅਜੇ ਦੂਰ ਦੀ ਗੱਲ ਲਗਦੀ ਹੈ।

9. ਗੁਰੂਨਾਨਕ ਸਾਹਿਬ ਨੇ ਸਾਨੂੰ ਕੇਵਲ ਪ੍ਰਭੂਸਿਮਰਨ ਦਾ ਰਾਹ ਦੱਸਿਆ ਹੈ। ਗੁਰੂਨਾਨਕ ਦੇ ਮਤ ਵਿਚ ਕਿਸੇ ਕਿਸਮ ਦੇ ਵਹਿਮ ਭਰਮ ਪਖੰਡ ਕਰਮ-ਕਾਂਡ ਵਾਸਤੇ ਕੋਈ ਥਾਂ ਨਹੀਂ ਹੈ, ਪਰ ਅਸੀਂ 'ਨਾਮ ਸਿਮਰਨ' ਦਾ ਮਾਰਗ ਛੱਡ ਕੇ 'ਕਰਮ ਕਾਂਡੀ ਮਾਰਗ' ਅਪਣਾ ਰਹੇ ਹਾਂ। ਗੁਰੂਸਾਹਿਬ ਨੇ ਤੀਰਥ ਯਾਤਰਾਵਾਂ ਨੂੰ ਰੱਦ ਕਰਦੇ ਹੋਏ ਪ੍ਰਭੂਦੇ ਨਾਮ ਨੂੰ ਹੀ ਅਸਲ ਤੀਰਥ ਦੱਸਿਆ :

**ਤੀਰਥਿ ਨਾਵਣ ਜਾਉ, ਤੀਰਥੁ ਨਾਮੁ ਹੈ ॥**

**ਤੀਰਥੁ ਸਬਦ ਬੀਚਾਰੁ, ਅੰਤਰਿ ਗਿਆਨੁ ਹੈ ॥** (ਪੰਨਾ 697)

ਪਰ ਅਸੀਂ ਨਾਮ ਤੀਰਥ ਵਿਚ ਅੰਮ੍ਰਿਤ ਵੇਲੇ ਟੁੱਬੀ ਲਾਉਣੀ ਭੁੱਲ ਗਏ ਤੇ ਜਲ ਵਿਚ ਇਸ਼ਨਾਨ ਕਰਕੇ ਮੁਕਤੀ ਭਾਲ ਰਹੇ ਹਾਂ। ਅਸੀਂ ਇਹ ਭੁੱਲ ਹੀ ਗਏ ਕਿ ਗੁਰੁਸਾਹਿਬ ਨੇ ਸਰੀਰ ਦੇ ਇਸ਼ਨਾਨ ਲਈ ਪਾਣੀ ਤੇ ਮਨ ਦੇ ਇਸ਼ਨਾਨ ਲਈ ਬਾਣੀ ਦਾ ਉਪਦੇਸ਼ ਦਿੱਤਾ ਸੀ।

ਸਾਡੇ ਗੁਆਂਢੀ ਨੇ ਵਰਤ ਰੱਖਣੇ ਸ਼ੁਰੂਕੀਤੇ-ਕਰਵਾ ਚੌਥ, ਸੀਤਲਾ ਦਾ, ਪੂਰਨਮਾਸ਼ੀ ਦਾ, ਅਸੀਂ ਢਿੱਲ ਨਾ ਲਾਈ, ਬਿਨਾਂ ਸੋਚੇ ਵੀਚਾਰੇ ਵਰਤ ਰੱਖਣੇ ਸ਼ੁਰੂਕਰ ਦਿੱਤੇ ਜਿਵੇਂ ਇਹ ਵੀ ਸਿੱਖੀ ਕਰਮ ਹੋਵੇ। ਗੁਰੂਨਾਨਕ ਸਾਹਿਬ ਤਾਂ ਪੁਕਾਰ ਪੁਕਾਰ ਕੇ ਕਹਿ ਰਹੇ ਹਨ :

**ਅੰਨੁ ਨ ਖਾਹਿ, ਦੇਹੀ ਦੁਖੁ ਦੀਜੈ ॥**

**ਬਿਨੁ ਗੁਰ ਗਿਆਨ, ਤ੍ਰਿਪਤਿ ਨਹੀ ਥੀਜੈ ॥** (ਪੰਨਾ 904)

ਅੱਖਾਂ ਦਾ ਵਰਤ ਪਰਾਏ ਰੂਪ ਤੱਕਣ ਤੋਂ ਬਚਣਾ, ਕੰਨਾ ਦਾ ਵਰਤ ਨਿੰਦਿਆ ਨਾ ਸੁਣਨੀ, ਹੱਥਾਂ ਦਾ ਵਰਤ ਮਾੜੇ ਕੰਮ ਨਾ ਕਰਨਾ ਤਾਂ ਅਸੀਂ ਭੁੱਲ ਗਏ, ਪਰ ਇਕ ਡੰਗ ਰੋਟੀ ਨਾ ਖਾ ਕੇ ਅਨਮਤੀ ਸਿਧਾਂਤਾਂ ਨੂੰ ਪੱਲੇ ਬੰਨ੍ਹ ਲਿਆ।

10. ਲਾਹੌਰ ਵਿਖੇ ਦੁਨੀ ਚੰਦ ਨੂੰ ਗੁਰੂਜੀ ਨੇ ਸਮਝਾਇਆ ਸੀ ਕਿ ਪਿਤਰ ਲੋਕ ਨਾਮ ਦੀ ਕੋਈ ਨਗਰੀ ਨਹੀਂ ਤੇ ਸਰਾਧ ਕਰਨੇ ਕਰਾਉਣੇ ਵਿਅਰਥ ਕੰਮ ਹੈ। ਬ੍ਰਾਹਮਣਾਂ ਭਾਈਆਂ ਦਾ ਖਾਧਾ ਹੋਇਆ ਭੋਜਨ ਤੇ ਦਾਨ ਪੁੰਨ ਦੀਆਂ ਵਸਤੂਆਂ ਮਰ ਚੁਕੇ ਪ੍ਰਾਣੀ ਨੂੰ ਨਹੀਂ ਮਿਲਦੀਆਂ, ਸਗੋਂ ਬ੍ਰਾਹਮਣਾ ਭਾਈ ਦੀ ਪੇਟ ਪੂਰਤੀ ਦਾ ਸਾਧਨ ਹੀ ਬਣਦੀਆਂ ਹਨ। ਗੁਰੂਜੀ ਦਾ ਫੁਰਮਾਨ ਹੈ :

**ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥**

**ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥** (ਪੰਨਾ 138)

ਜੀਵ ਜਗਤ ਵਿਚ ਆਇਆ ਤੇ ਤੁਰ ਗਿਆ। ਜਗਤ ਵਿਚ ਉਸ ਦਾ ਨਾਮ ਵੀ ਭੁੱਲ ਗਿਆ। ਉਸ ਦੇ ਮਰਨ ਪਿੱਛੋਂ ਪੱਤਲਾਂ ਉੱਤੇ ਪਿੰਡ ਭਰਾ ਕੇ ਕਾਵਾਂ ਨੂੰ ਹੀ ਸੱਦੀਦਾ ਹੈ, ਉਸ ਜੀਵ ਨੂੰ ਕੁਝ ਨਹੀਂ ਅੱਪੜਦਾ । ਸਰਾਧਾਂ ਵਾਲਾ ਕੰਮ ਅਗਿਆਨਤਾ ਵਾਲਾ ਹੈ। ਬਿਨਾਂ ਗੁਰੂਤੋਂ ਜੀਵ ਅਗਿਆਨਤਾ ਵਿਚ ਡੁੱਬਾ ਪਿਆ ਹੈ। ਮਰਨ ਤੋਂ ਬਾਅਦ ਜੀਵ ਆਤਮਾ ਜਾਂ ਤਾਂ ਪ੍ਰਭੂਨਾਲ ਅਭੇਦ ਹੋ ਜਾਂਦੀ ਹੈ ਜਾਂ ਕਿਸੇ ਜੂਨ ਵਿਚ ਪੈ ਜਾਂਦੀ ਹੈ- ਇਹ ਹੈ ਗੁਰਮਤਿ ਦਾ ਸਿਧਾਂਤ, ਤਾਂ ਫਿਰ ਦਾਨ ਪੁੰਨ ਦੀਆਂ ਵਸਤੂਆਂ ਕਿਸ ਦੇ ਵਾਸਤੇ? ਪਰ ਅਸੀਂ ਐਸੇ ਚਲਾਕ ਤੇ ਚਾਤੁਰ ਹਾਂ ਕਿ ਗੁਰਮਤਿ ਉਪਦੇਸ਼ ਤਾਂ ਕਮਾਉਣਾ ਇਕ ਪਾਸੇ, ਇਹ ਉਪਦੇਸ਼ ਦੇਣ ਵਾਲੇ ਗੁਰੂਨਾਨਕ ਪਾਤਸ਼ਾਹ ਦਾ ਸਰਾਧ ਮਨਾਉਣਾ ਸ਼ੁਰੂਕਰ ਦਿੱਤਾ ਹੈ । ਮਾਨੋਂ ਅਸੀਂ ਇਹ ਸਮਝੀ ਬੈਠੇ ਹਾਂ ਕਿ ਗੁਰੂਸਾਹਿਬ ਜੀ ਪ੍ਰਭੂਨਾਲ ਇਕ ਮਿਕ ਨਹੀਂ ਹੋਏ ਸਗੋਂ ਉਹ ਕਿਸੇ ਪਿਤਰ-ਲੋਕ ਵਿਚ ਬੈਠੇ ਸਾਡੀਆਂ ਪੂੜੀਆਂ ਖੀਰਾਂ ਦੀ ਉਡੀਕ ਕਰ ਰਹੇ ਹਨ। ਧਿਰਕਾਰ ਹੈ ਸਾਡੀ ਐਸੀ ਸੋਚਣੀ 'ਤੇ ਅਤੇ ਧਿਰਕਾਰ ਹੈ ਇਹੋ ਜਿਹੀ ਸੋਚਣੀ ਨੂੰ ਪਰਚਾਰਨ ਵਾਲੇ ਪ੍ਰਚਾਰਕਾਂ 'ਤੇ । ਸਾਡੇ ਗੁਰਦੁਆਰੇ ਇਹੋ

ਜਿਹੀਆਂ ਮਨਮਤਾਂ ਤੋਂ ਕਦੋਂ ਖਹਿੜਾ ਛੁੜਾਉਣਗੇ? ਕਦੋਂ ਸਾਡੇ ਗ੍ਰੰਥੀ ਸਿੰਘਾਂ ਤੇ ਪ੍ਰਬੰਧਕਾਂ ਨੂੰ ਹੋਸ਼ ਆਵੇਗੀ ਕਿ ਅਸੀਂ ਗੁਰੂਸਾਹਿਬ ਦੀ ਬਾਣੀ ਦੇ ਉਲਟ ਅਨਮਤੀ ਸਿਧਾਂਤਾਂ ਨੂੰ ਗੁਰਦੁਆਰਿਆਂ ਵਿਚੋਂ ਨਾ ਪਰਚਾਰੀਏ?

ਹਰਦੁਆਰ ਵਿਖੇ ਗੁਰੂਜੀ ਨੇ ਸੂਰਜ ਦੇ ਉਲਟ ਪਾਸੇ ਪਾਣੀ ਸੁੱਟ ਕੇ ਸਮਝਾਇਆ ਕਿ ਅਸੀਂ ਸੂਰਜ ਦੇ ਪੁਜਾਰੀ ਨਹੀਂ ਸਗੋਂ ਪ੍ਰਭੂਦਾ ਸਿਮਰਨ ਕਰਨ ਵਾਲੇ ਹਾਂ। ਪਰ ਅਸੀਂ ਇਸ ਉਪਦੇਸ਼ ਨੂੰ ਭੁੱਲ ਕੇ ਸੂਰਜ ਚੰਦਰਮਾਂ ਨਾਲ ਸੰਬੰਧਿਤ ਦਿਨ ਸੰਗਰਾਂਦ, ਪੂਰਨਮਾਸ਼ੀ ਤੇ ਮੱਸਿਆ ਨੂੰ ਪਵਿੱਤਰ ਦਿਨ ਸਮਝੀ ਬੈਠੇ ਹਾਂ। ਅਸੀਂ ਬਾਰਹਮਾਹਾ ਦੀ ਬਾਣੀ ਨੂੰ ਭੁੱਲ ਹੀ ਗਏ ਕਿ ਗੁਰੂਸਾਹਿਬ ਤਾਂ ਕਹਿੰਦੇ ਹਨ:

**ਬੇ ਦਸ ਮਾਹ, ਰੁਤੀ ਥਿਤੀ ਵਾਰ ਭਲੇ ॥**

**ਘੜੀ ਮੂਰਤ ਪਲ, ਸਾਚੇ ਆਏ ਸਹਜਿ ਮਿਲੇ ॥** (ਪੰਨਾ 1109)

ਜਿਸ ਜੀਵ ਇਸਤ੍ਰੀ ਦੇ ਅਡੋਲ ਹੋਏ ਹਿਰਦੇ ਵਿਚ ਸਦਾ ਥਿਰ ਰਹਿਣ ਵਾਲਾ ਪਰਮਾਤਮਾ ਆ ਟਿਕਦਾ ਹੈ, ਉਸ ਨੂੰ ਬਾਰਾਂ ਮਹੀਨ, ਸਾਰੀਆਂ ਰਬੱਤਾਂ, ਸਾਰੀਆਂ ਥਿਤਾਂ, ਸਾਰੇ ਦਿਨ, ਸਾਰੀਆਂ ਘੜੀਆਂ, ਸਾਰੇ ਮੁਹੂਰਤ ਤੇ ਪਲ ਸੁਲੱਖਣੇ ਜਾਪਦੇ ਹਨ। ਉਸ ਨੂੰ ਕਿਸੇ ਸੰਗਰਾਂਦ, ਮੱਸਿਆ ਆਦਿਕ ਦੀ ਪਵਿੱਤਰਤਾ ਦਾ ਭਰਮ ਭੁਲੇਖਾ ਨਹੀਂ ਰਹਿੰਦਾ।

ਉਹ ਦਿਨ ਹੀ ਚੰਗਾ ਹੈ ਜਦੋਂ ਪ੍ਰਭੂਚਿਤ ਆਵੇ ਪਰ ਸੂਰਜ ਦੀ ਇਕ ਰਾਸ਼ੀ ਵਿਚੋਂ ਦੂਜੀ ਰਾਸ਼ੀ ਵਿਚ ਜਾਣ ਵਾਲੇ ਦਿਨ ਸੰਕ੍ਰਾਂਤ ਨੂੰ ਅਸੀਂ ਪਵਿੱਤਰ ਦਿਨ ਮੰਨੀ ਬੈਠੇ ਹਾਂ ਜਿਵੇਂ ਕਿ ਅਸੀਂ ਪ੍ਰਭੂਦੇ ਉਪਾਸ਼ਕ ਨਾ ਹੋ ਕੇ ਸੂਰਜ ਦੀ ਉਪਾਸਨਾ ਕਰਨ ਵਾਲੇ ਹੋਈਏ। ਗੁਰੂਸਾਹਿਬ ਤਾਂ ਦਿਨਾਂ ਨੂੰ ਚੰਗਾ ਮਾੜਾ ਸਮਝਣ ਵਾਲੇ ਨੂੰਮੂਰਖ ਤੇ ਗਵਾਰ ਦੀ ਪਦਵੀ ਦੇਂਦੇ ਹਨ:

**ਥਿਤੀ ਵਾਰ ਸੇਵਹਿ ਮੁਗਧ ਗਵਾਰ ॥ (ਪੰਨਾ 843)**

ਪਰ ਅਸੀਂ ਗੁਰਦੁਆਰਿਆਂ ਵਿਚ ਹਰ ਮਹੀਨੇ ਕੂਕੀ ਜਾ ਰਹੇ ਹਾਂ ਸੰਗਰਾਂਦ ਦਾ ਪਵਿੱਤਰ ਦਿਹਾੜਾ, ਸੰਗਰਾਂਦ ਦਾ ਪਵਿੱਤਰ ਦਿਹਾੜਾ। ਸਾਨੂੰ ਗੁਰਪੁਰਬ, ਇਤਿਹਾਸਕ ਦਿਹਾੜੇ, ਸ਼ਹੀਦਾਂ ਦੇ ਸ਼ਹੀਦੀ ਦਿਵਸ ਭੁੱਲ ਹੀ ਗਏ। ਉਹ ਤਾਂ ਅਸੀਂ ਮਨਾਉਂਦੇ ਨਹੀਂ ਪਰ ਸੰਗਰਾਂਦ ਨੂੰ ਗੁਰਪੁਰਬ ਤੋਂ ਵਧੇਰੇ ਮਹਾਨਤਾ ਦੇਈ ਬੈਠੇ ਹਾਂ। ਜਿੱਥੋਂ ਤੱਕ 'ਬਾਰਹਮਾਰਾ' ਦੀ ਬਾਣੀ ਪੜ੍ਹਨ, ਸੁਣਨ ਸਮਝਣ ਦਾ ਸੰਬੰਧ ਹੈ, ਉਹ ਤਾਂ ਚੰਗੀ ਗੱਲ ਹੈ, ਪਰ ਇਹ ਵਹਿਮ ਪੈਦਾ ਕਰਨਾ ਕਰਾਉਣਾ ਕਿ ਅੱਜ ਦਾ ਦਿਨ ਬੜਾ ਪਵਿੱਤਰ ਹੈ, ਇਹ ਗੁਰਮਤਿ ਦੇ ਆਸ਼ੇ ਦੇ ਉਲਟ ਗੱਲ ਹੈ। ਕੋਈ ਦਿਨ ਮਾੜਾ ਨਹੀਂ, ਸਭ ਅਕਾਲ ਪੁਰਖ ਦੇ ਬਣਾਏ ਹੋਏ ਹਨ।

12. ਗੜਵਾਲ ਦੇ ਰਾਜੇ ਵਿਜੈ ਪ੍ਰਕਾਸ਼ ਨੇ ਗੁਰੂਨਾਨਕ ਸਾਹਿਬ ਪਾਸੋਂ ਉਨ੍ਹਾਂ ਦੀ ਜ਼ਾਤ ਪੁੱਛੀ ਤਾਂ ਆਪ ਜੀ ਨੇ ਫੁਰਮਾਇਆ, 'ਮੇਰੀ ਜ਼ਾਤ ਨਹੀਂ, ਮੈਂ ਤਾਂ ਸਿਰਫ਼ ਪ੍ਰਭੂਦਾ ਸ੍ਵਾਂਗੀ ਹਾਂ'

**ਤੂੰ ਸਾਹਿਬੁ ਹਉ ਸਾਂਗੀ ਤੇਰਾ, ਪ੍ਰਣਵੈ ਨਾਨਕੁ ਜਾਤਿ ਕੈਸੀ ॥** (ਪੰਨਾ 358)

ਪਰ ਅਸੀਂ ਗੁਰੂਸਾਹਿਬ ਦੇ ਉਪਦੇਸ਼ ਨੂੰ ਭੁੱਲ ਕੇ ਜ਼ਾਤਾਂ ਪਾਤਾਂ ਤੇ ਬ੍ਰਾਹਮਣੀ ਕਰਮ ਕਾਂਡਾਂ ਵਿਚ ਉਲਝ ਗਏ। ਇਹ ਜੱਟ ਹੈ ਤੇ ਇਹ ਭਾਪਾ, ਇਹ ਮਜ਼ਹਬੀ, ਤੇ ਇਹ ਹਰੀਜਨ। ਅਸੀਂ ਪ੍ਰਭੂ ਦੇ ਇਕ ਇਨਸਾਨ ਹੋਣ ਦਾ ਉਪਦੇਸ਼ ਭੁੱਲ ਗਏ ਪਰ ਆਪਣੇ ਆਪ ਨੂੰ ਸੰਧੂ, ਗਿੱਲ ਗਰੇਵਾਲ, ਕੋਹਲੀ ਅਖਵਾ ਕੇ ਜ਼ਿਆਦਾ ਖ਼ੁਸ਼ ਹੁੰਦੇ ਹਾਂ, ਕੌਣ ਕਿਸੇ ਨੂੰ ਰੋਕਣ ਵਾਲਾ ਹੈ ਕਿ ਉਹ ਬਰਾਦਰੀਆਂ ਤੇ ਜ਼ਾਤਾਂ ਪਾਤਾਂ ਦੇ ਵੰਡ ਵੰਡੇਵੇਂ ਪਾ ਕੇ ਆਪੋ ਆਪਣੇ ਗੁਰਦੁਆਰੇ ਨਾ ਉਸਾਰੇ । ਅਸੀਂ ਆਪ ਤਾਂ ਜ਼ਾਤਾਂ ਪਾਤਾਂ ਨੂੰ ਕੀ ਤਿਆਗਣਾ ਸੀ, ਗੁਰਦੁਆਰਿਆਂ ਨੂੰ ਵੀ ਬਰਾਦਰੀਆਂ ਤੇ ਜ਼ਾਤਾਂ ਪਾਤਾਂ ਦੀ ਲਬੇੜ ਵਿਚ ਲਿਆ ਤੇ ਨਾਮ ਵੀ ਐਸੇ ਧਰ ਦਿੱਤੇ ਜੋ ਸਿੱਖੀ ਦਾ ਮੂੰਹ ਚਿੜ੍ਹਾ ਰਹੇ ਹਨ। ਗੁਰਦੁਆਰਾ ਤਾਂ ਗੁਰੂ ਦਾ ਹੋਣਾ ਚਾਹੀਦਾ ਹੈ ਨਾ ਕਿ ਕਿਸੇ ਜ਼ਾਤ ਬਰਾਦਰੀ ਦਾ।

13. ਗੁਰੂ ਜੀ ਨੇ ਬੇਲੋੜੀ ਸੁੱਚ-ਭਿਟ ਸੂਤਕ ਪਾਤਕ ਨੂੰ ਰੱਦ ਕਰਦੇ ਹੋਏ ਉਪਦੇਸ਼ ਕੀਤਾ ਕਿ ਅਸਲ ਲੋੜ ਤਾਂ ਹਿਰਦੇ ਵਿਚੋਂ ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰਾਂ ਦੀ ਮੈਲ ਨੂੰ ਦੂਰ ਕਰਨ ਦੀ ਹੈ । ਪਰ ਅਸੀਂ ਅੱਜ ਗੁਰਸਿੱਖ ਕਹਾਉਣ ਵਾਲੇ ਇਕ ਦੂਸਰੇ ਸਿੱਖ ਤੋਂ ਹੀ ਨਫ਼ਰਤ ਕਰ ਰਹੇ ਹਾਂ, ਅਤੇ ਆਖਦੇ ਹਾਂ ਕਿ ਇਸ ਨੇ ਸਾਡੇ ਜੱਥੇ ਤੋਂ ਅੰਮ੍ਰਿਤ ਨਹੀਂ ਛਕਿਆ, ਇਸ ਨੇ ਉਸ ਜਥੇ ਤੋਂ ਅੰਮ੍ਰਿਤ ਛਕਿਆ ਹੈ ਆਦਿ। ਅੰਮ੍ਰਿਤ, ਜਿਸ ਨੇ ਏਕੇ ਦੇ ਸੂਤਰ ਵਿਚ ਕੌਮ ਨੂੰ ਪ੍ਰੋਣਾ ਸੀ, ਉਸਨੂੰ ਸਾਡੀ ਮੂਰਖਤਾ ਨੇ ਵੰਡੀਆਂ ਦਾ ਅਧਾਰ ਬਣਾ ਕੇ ਰੱਖ ਦਿੱਤਾ ਹੈ।

14. ਗੁਰੂ ਜੀ ਨੇ ਸਹਿਜ ਮਾਰਗ ਦਾ ਉਪਦੇਸ਼ ਦਿੱਤਾ ਕਿ ਸਰੀਰ ਲਈ ਕਠਿਨ ਯੋਗ-ਸਾਧਨਾਂ, ਬਿਖਮ-ਆਸਨਾਂ ਤੇ ਭੁੱਖ ਰਹਿ ਕੇ, ਨੰਗੇ ਤੁਰ ਕੇ ਚਲੀਹੇ ਕੱਟਣ ਦੀ ਕੋਈ ਲੋੜ ਨਹੀਂ। ਇਨ੍ਹਾਂ ਨਾਲ ਸਰੀਰ ਨੂੰ ਕਸ਼ਟ ਹੀ ਮਿਲਦਾ ਹੈ, ਪ੍ਰਾਪਤੀ ਕੋਈ ਨਹੀਂ ਹੁੰਦੀ :

**ਅੰਨੁ ਨ ਖਾਇਆ, ਸਾਦੁ ਗਵਾਇਆ ॥**

**ਬਹੁ ਦੁਖੁ ਪਾਇਆ, ਦੂਜਾ ਭਾਇਆ ॥**

**ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥**

**ਮੋਨਿ ਵਿਗੂਤਾ ॥ ਕਿਉ ਜਾਗੈ, ਗੁਰ ਬਿਨੁ ਸੂਤਾ ॥**

**ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥** (ਪੰਨਾ 467)

ਪਰ ਅਸੀਂ ਚਲੀਹੇ ਕੱਟਣੇ ਪ੍ਰਭੂ-ਮਿਲਾਪ ਦਾ ਸਾਧਨ ਸਮਝੀ ਬੈਠੇ ਹਾਂ। ਗੁਰੂ ਜੀ ਨੇ ਮੋਨ ਧਾਰਨ ਵਾਲੇ ਨੂੰ ਰੱਦ ਕਰ ਦਿੱਤਾ ਸੀ ਪਰ ਅਸੀਂ ਕਹਿੰਦੇ ਹਾਂ ਸਾਡੇ ਬਾਬਾ ਜੀ 'ਮੋਨੀ' ਹਨ ਤੇ ਮੋਨੀ ਬਾਬੇ ਨੂੰ ਬੜੀ ਉੱਚੀ ਅਵਸਥਾ ਦੇ ਮਾਲਕ ਸਮਝੀ ਬੈਠੇ ਹਾਂ।

15. ਗੁਰੂ ਜੀ ਨੇ ਖ਼ੁਦਾ ਦਾ ਘਰ ਹਰ ਪਾਸੇ ਦੱਸਿਆ ਤੇ ਕਿਹਾ ਉਹ ਪ੍ਰਭੂ ਸਭ ਜੀਵਾਂ ਵਿਚ ਵੱਸ ਰਿਹਾ ਹੈ :

**ਸਭ ਮਹਿ ਜੋਤਿ, ਜੋਤਿ ਹੈ ਸੋਇ ॥**

ਪਰ ਅਸੀਂ ਪ੍ਰਭੂ ਨੂੰ ਡੇਰਿਆਂ ਵਿਚ 'ਸਚਖੰਡ' ਬਣਾ ਬਣਾ ਕੇ ਕੈਦ ਕਰੀ ਬੈਠੇ ਹਾਂ। 'ਸਚ ਖੰਡ' ਤਾਂ ਪ੍ਰਭੂ ਮਿਲਣ ਦੀ ਅਖੀਰਲੀ ਅਵੱਸਥਾ ਦਾ ਨਾਮ ਹੈ ਜਿੱਥੇ ਮਨੁੱਖ ਦੇ ਹਿਰਦੇ ਵਿਚ ਕੇਵਲ 'ਸੱਚ' ਦਾ ਹੀ ਪ੍ਰਕਾਸ਼ ਹੁੰਦਾ ਹੈ।

16. ਗੁਰੂਜੀ ਨੇ ਸਿੰਘਲਾਦੀਪ ਵਿਖੇ ਮੋਹਣ ਲਈ ਆਈਆਂ ਰੂਪਵਾਨ ਇਸਤਰੀਆਂ ਨੂੰ 'ਪੁਤਰੀਆਂ ਕਹਿ ਕੇ ਉਪਦੇਸ਼ ਕੀਤਾ ਕਿ ਹਾਵ ਭਾਵ ਛੱਡੋ ਤੇ ਪ੍ਰਭੂ ਦੇ ਨਾਮ ਦਾ ਰੰਗ ਮਾਣੋ। ਪਰ ਅੱਜ ਗੁਰਦੁਆਰਿਆਂ ਵਿਚ ਹਾਰ ਸ਼ਿੰਗਾਰ ਕਰਕੇ ਅਧਨੰਗੇ ਪਹਿਰਾਵੇ ਨਾਲ ਆਉਣ ਵਾਲੀਆਂ ਇਸਤਰੀਆਂ ਕੀ ਨਾਮ ਦਾ ਰੰਗ ਚੜ੍ਹਾਉਣ ਆਉਂਦੀਆਂ ਹਨ ਜਾਂ ਸਤਿਸੰਗ ਵਿਚ ਜੁੜਨ ਵਾਲੇ ਮਨੁੱਖਾਂ ਦਾ ਹਾਵ ਭਾਵ ਕਰਕੇ ਚਿਤ ਡੁਲਾਉਣ ਲਈ? ਗੁਰੂਸਾਹਿਬ ਨੇ ਤਾਂ ਅਜਿਹੀਆਂ ਇਸਤਰੀਆਂ ਨੂੰ 'ਪੁੱਤਰੀਆਂ' ਕਹਿ ਕੇ ਸਾਨੂੰ 'ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੇ' ਦੇ ਉਪਦੇਸ਼ ਨੂੰ ਗ੍ਰਹਿਣ ਕਰਨ ਦੀ ਪ੍ਰੇਰਣਾ ਕੀਤੀ ਸੀ ਪਰ ਅੱਜ ਕਿੰਨੇ ਹਨ ਐਸੇ ਜੋ ਪਰਾਈ ਇਸਤ੍ਰੀ ਨੂੰ ਪੁਤਰੀ, ਭੈਣ ਜਾਂ ਮਾਂ ਸਮਝ ਸਕਣ ਦੇ ਸਮਰੱਥ ਹੋਣ?

17. ਗੁਰੂਜੀ ਨੇ ਮਥਰਾ ਵਿਚ ਭ੍ਰਿਸ਼ਟ ਤੇ ਲਾਲਚੀ ਪੰਡਿਤਾਂ ਦੇ ਨੀਵੇਂ ਆਚਰਨ ਦੀ ਰਜਵੀਂ ਨਿਖੇਧੀ ਕੀਤੀ ਸੀ ਤੇ ਕਿਹਾ ਸੀ ਕਿ ਕਲਜੁਗ ਕਿਸੇ ਸਮੇਂ ਦਾ ਨਾਮ ਨਹੀਂ, ਸਗੋਂ ਜੀਵ ਦੇ ਕੁਕਰਤਾਂ ਦਾ ਨਾਮ ਹੀ ਕਲਜੁਗ ਹੈ। ਗੁਰਮਤਿ ਨੇ ਜੁਗਾਂ ਦੀ ਵੰਡ ਨੂੰ ਵੀ ਪ੍ਰਵਾਨ ਨਹੀਂ ਕੀਤਾ ਸਗੋਂ ਮਨੁੱਖੀ ਸੁਭਾਉ ਦੇ ਕੀਤੇ ਚੰਗੇ ਮੰਦੇ ਕਰਮਾਂ ਨੂੰ ਹੀ ਸਤਿਜੁਗ ਤੇ ਕਲਜੁਗ ਦੇ ਪ੍ਰਚੱਲਤ ਵਿਸ਼ਵਾਸ ਨਾਲ ਤਸਬੀਹ ਦਿੱਤੀ ਹੈ। ਗੁਰੂਜੀ ਨੇ 'ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ' ਕਹਿ ਕੇ ਧਰਮ ਅਸਥਾਨਾਂ ਵਿਚ ਪਾਕ ਪਵਿੱਤਰ ਸੱਚੇ ਸੁੱਚੇ ਆਚਰਨ ਦੇ ਧਾਰਨ ਪ੍ਰਬੰਧਕਾਂ, ਪ੍ਰਚਾਰਕਾਂ, ਭਾਈਆਂ, ਗ੍ਰੰਥੀਆਂ ਦੇ ਰੱਖਣ ਦੀ ਤਾਕੀਦ ਕੀਤੀ ਸੀ, ਪਰ ਪੜਤਾਲ ਕਰਨ ਦੀ ਲੋੜ ਹੈ ਕਿ ਸਾਡੇ ਗੁਰਦੁਆਰੇ, ਧਰਮ ਅਸਥਾਨ, ਇਸ ਕਸਵੱਟੀ 'ਤੇ ਕਿੱਥੋਂ ਤੱਕ ਪੂਰਾ ਉਤਰਦੇ ਹਨ। ਜੇ ਨਹੀਂ ਉਤਰਦੇ ਤਾਂ ਇਸ ਦੀ ਜ਼ਿੰਮੇਵਾਰੀ ਕਿਸੇ ਹੋਰ 'ਤੇ ਸੁੱਟਣ ਨਾਲ ਗੁਜ਼ਾਰਾ ਨਹੀਂ ਹੋ ਸਕਦਾ, ਸਗੋਂ ਜ਼ਿੰਮੇਵਾਰ ਅਸੀਂ ਆਪ ਹਾਂ ਜੋ ਇਹੋ ਜਿਹੇ ਵਾਤਾਵਰਣ ਨੂੰ ਪੈਦਾ ਕਰਨ ਵਾਲੇ ਪ੍ਰਬੰਧਕਾਂ ਨੂੰ ਵੋਟਾਂ ਪਾ ਕੇ ਲਾਲਚ-ਵੱਸ ਧਰਮ ਨੂੰ ਛਿੱਕੇ ਟੰਗ ਕੇ ਚੁਣਦੇ ਹਾਂ।

18. ਕਿਸੇ ਵੀ ਮਤ ਵਿਚ ਚਿੰਨ੍ਹ ਧਾਰਨ ਕਰਨ ਦੀ ਆਪਣੀ-ਆਪਣੀ ਮਹਾਨਤਾ ਹੈ, ਪਰ ਇਹ ਚਿੰਨ੍ਹ ਤਾਂ ਹੀ ਸਾਰਥਕ ਹੋ ਸਕਦੇ ਹਨ ਜੇ ਇਹਨਾਂ ਵਿਚ ਚੰਗੇ ਗੁਣ ਪੈਦਾ ਕਰਨ ਦੀ ਧਾਰਨ ਹੋਵੇ ਤੇ ਇਹ ਕੇਵਲ ਵਿਖਾਵੇ ਮਾਤਰ ਹੀ ਨਾ ਹੋਣ, ਇਹ ਸਾਨੂੰ ਕਿਸੇ ਉੱਚੇ ਆਦਰਸ਼ ਨਾਲ ਵੀ ਜੋੜਦੇ ਹੋਣ।

ਗੁਰੂਸਾਹਿਬ ਨੇ ਜਨੇਊ ਦਾ ਖੰਡਨ ਕਰਕੇ ਉਸ ਨੂੰ ਪਹਿਨਣ ਤੋਂ ਇਨਕਾਰ ਕੀਤਾ ਕਿਉਂਕਿ ਜਨੇਉ ਦੇ ਗ੍ਰਹਿਣ ਕਰਨ ਵਿਚ ਸੱਚ ਦੀ ਧਾਰਨਾ ਨਹੀਂ ਸੀ, ਇਹ ਦਇਆ, ਸੰਤੋਖ, ਜਤ ਤੇ ਸਤ ਦੀ ਭਾਵਨਾ ਪੈਦਾ ਕਰਨ ਦੀ ਸਮਰੱਥਾ ਨਹੀਂ ਸੀ ਰਖਦਾ। ਬ੍ਰਾਹਮਣ ਦੇ ਇਸ ਕੱਚ ਨੂੰ ਗੁਰੂਜੀ ਨੇ ਤਾੜ ਲਿਆ ਸੀ ਪਰ ਅੱਜ ਕਈ ਸਿੱਖ ਪ੍ਰਚਾਰਕ ਬ੍ਰਾਹਮਣੀ ਮਤ ਨੂੰ ਗੁਰਮਤਿ ਵਿਚ ਮਿਲਗੋਭਾ ਕਰਕੇ ਪੇਸ਼ ਕਰ ਰਹੇ ਹਨ। ਕਿਸ ਵਿਚ ਸਾਹਸ ਹੈ ਜੋ ਪਰਚਾਰਕ ਦੇ ਕੱਚ ਨੂੰ ਤਾੜ ਕੇ ਕੱਚ ਨੂੰ ਕੱਚ ਕਹਿਣ ਦੀ ਜੁਰਅਤ ਕਰ ਸਕ? ਜਿਨ੍ਹਾਂ ਉੱਚੇ ਸੁੱਚੇ ਆਦਰਸ਼ਾਂ ਲਈ ਸਾਨੂੰ ਪੰਜ ਕਕਾਰੀ ਰਹਿਤ ਦਾ ਧਾਰਨੀ ਬਣਾਇਆ ਗਿਆ ਸੀ, ਉਹ ਆਦਰਸ਼ ਵੀ ਜੀਵਤ ਰਹਿਣੇ ਜ਼ਰੂਰੀ ਹਨ, ਜੇ

ਉਹਨਾਂ ਦੀ ਪਾਲਣਾ ਨਹੀਂ ਹੁੰਦੀ ਤਾਂ ਕੇਵਲ ਚਿੰਨ੍ਹ ਧਾਰਨ ਕਰਨਾ ਕੇਵਲ ਭੇਖ ਬਣ ਕੇ ਰਹਿ ਜਾਵੇਗਾ ਤੇ ਅਸੀਂ ਇਸ ਭੇਖ ਵਿਚਲੇ ਕੱਚ ਤੋਂ ਬਚ ਨਹੀਂ ਸਕਾਂਗੇ।

19. ਗੁਰੂਜੀ ਨੇ ਰਾਜਸੀ ਖੇਤਰ ਵਿਚਲੇ ਕੱਚ ਨੂੰ ਵੀ ਪਛਾਣਿਆ ਤੇ ਉਸ ਵਿਰੁੱਧ ਤਕੜੀ ਆਵਾਜ਼ ਉਠਾਈ। ਬਾਬਰ ਵਰਗੇ ਜ਼ਾਲਮ ਬਾਦਸ਼ਾਹ ਨੂੰ ਲਲਕਾਰਿਆ ਤੇ ਉਸ ਦੇ ਹਮਲੇ ਦੀ ਨਿਖੇਧੀ ਕੀਤੀ। ਅਯਾਸ਼ ਹਕੂਮਤ ਦੇ ਗਿਰੇ ਹੋਏ ਆਚਰਨ ਤੇ ਭਾਰਤੀ ਜਨਤਾ ਦੀ ਬੁਜ਼ਦਿਲੀ ਨੂੰ ਭੰਡਣ ਦੀ ਜੁਰਅਤ ਕੀਤੀ। ਜ਼ਾਲਮ ਰਾਜਿਆਂ ਨੂੰ ਰੱਤ ਪੀਣੇ 'ਸ਼ੀਹ' ਤੇ ਰਿਸ਼ਵਤ ਖੋਰ ਅਹਿਲਕਾਰਾਂ ਨੂੰ 'ਕੁੱਤੇ' ਕਹਿ ਕੇ ਪੁਕਾਰਿਆ। ਉਹਨਾਂ ਨੇ ਆਪਣੇ ਪੈਰੋਕਾਰਾਂ ਨੂੰ ਇਸ ਰਸਤੇ 'ਤੇ ਤੁਰਨ ਦੀ ਵੰਗਾਰ ਪਾਈ ਤੇ ਕਿਹਾ ਕਿ ਜੇ ਇਸ ਰਸਤੇ 'ਤੇ ਤੁਰਦੇ ਸੀਸ ਵੀ ਅਰਪਣ ਕਰਨਾ ਪਵੇ ਤਾਂ ਇਹ ਸੌਦਾ ਕੋਈ ਮਹਿੰਗਾ ਨਹੀਂ ਹੈ :

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**

**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**

**ਇਤੁ ਮਾਰਗਿ ਪੈਰੁ ਧਰੀਜੈ ॥**

**ਸਿਰ ਦੀਜੈ ਕਾਣਿ ਨ ਕੀਜੈ ॥** (ਪੰਨਾ 1412)

ਇਹ ਗੁਰੂਨਾਨਕ ਪਾਤਸ਼ਾਹ ਦੇ ਹੀ ਸ਼ਬਦ ਹਨ, ਪਰ ਅੱਜ ਆਪਣੇ ਮਨਾਂ ਅੰਦਰ ਤੇ ਕੌਮ ਦੇ ਆਗੂਆਂ ਵੱਲ ਝਾਤੀ ਮਾਰਨ ਦੀ ਲੋੜ ਹੈ। ਕਿੰਨੇ ਹਨ ਧਾਰਮਿਕ ਤੇ ਰਾਜਨੀਤਕ ਆਗੂ ਜੋ ਸੱਚ ਦੀ ਹਮਾਇਤ ਕਰ ਸਕਣ ਤੇ ਜ਼ਾਲਮ ਦੇ ਜ਼ੁਲਮ ਨੂੰ ਵੰਗਾਰ ਸਕਣ? ਜੇ ਅਸੀਂ ਉਪਰੋਕਤ ਸੰਦੇਸ਼ ਨੂੰ ਭੁੱਲ ਕੇ ਆਪੋ ਆਪਣੇ ਮਤਲਬ ਕੱਢਣ ਲਈ ਤੇ ਇਕ ਦੂਜੇ ਦਾ ਮੂੰਹ ਰੱਖਣ ਲਈ ਸੱਚ ਤੋਂ ਮੂੰਹ ਬੈਠੇ ਹਾਂ ਤਾਂ ਅਸੀਂ ਗੁਰੂਨਾਨਕ ਦੇ ਸਿੱਖ ਨਹੀਂ ਅਖਵਾ ਸਕਦੇ।

20. ਅੱਜ ਲੋੜ ਹੈ ਆਪਣੇ ਜੀਵਨ ਦਾ ਲੇਖਾ ਜੋਖਾ ਕਰਨ ਦੀ ਕਿ ਗੁਰੂਸਾਹਿਬ ਜੀ ਨੇ ਸਾਨੂੰ ਅੰਮ੍ਰਿਤ ਦਾ ਵਪਾਰੀ ਬਣਾਇਆ ਤੇ ਨਾਮ ਦਾ ਰਸ ਛਕਣ ਦੀ ਤਾਕੀਦ ਕੀਤੀ ਸੀ :

**ਬਾਬਾ ਮਨ ਮਤਵਾਰੋ, ਨਾਮ ਰਸੁ ਪੀਵੈ, ਸਹਜ ਰੰਗ ਰਜਿ ਰਹਿਆ ॥**

**ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ, ਸਬਦੁ ਅਨਾਹਦ ਗਾਹਿਆ ॥**

(ਪੰਨਾ 360)

ਪਰ ਅਸੀਂ ਅੰਮ੍ਰਿਤ ਛੱਡ ਕੇ 'ਸ਼ਰਾਬ' ਦੀਆਂ ਬੋਤਲਾਂ ਖ਼ਾਲੀ ਕਰਨਾ ਧਰਮ ਸਮਝੀ ਬੈਠੇ ਹਾਂ। ਗੁਰੂਸਾਹਿਬ ਤਾ ਕਹਿੰਦੇ ਹਨ :

**ਇਤੁ ਮਦੁ ਪੀਤੈ ਨਾਨਕਾ, ਬਹੁਤੇ ਖਟੀਅਹਿ ਬਿਕਾਰ ॥** (ਪੰਨਾ 553)

ਪਰ ਅਸੀਂ ਅਖੰਡ ਪਾਠ ਵੀ ਰਖਵਾ ਲੈਂਦੇ ਹਾਂ ਤੇ ਉਪਰੰਤ ਬੋਤਲਾਂ ਵੀ ਖ਼ਾਲੀ ਕਰ ਲੈਂਦੇ ਹਾਂ। ਪਤਾ ਨਹੀਂ ਬਾਣੀ ਉਪਰ ਕਿਸ ਨੇ ਚੱਲਣਾ ਹੈ ਤੇ ਗੁਰਬਾਣੀ ਦੀਆਂ ਇਹ ਤੁਕਾਂ ਕਿਸ ਲਈ ਲਿਖੀਆਂ ਗਈਆਂ ਹਨ? ਕਦੋਂ

ਸਾਡਾ ਗੁਰੂਕੇ ਸਿੱਖਾਂ ਦਾ ਚੰਦਰੀ ਸ਼ਰਾਬ ਤੋਂ ਖਹਿੜਾ ਛੁਟੇਗਾ? ਕਦੋਂ ਅਸੀਂ ਨਾਮ ਦਾ ਰਸ ਪੀਵਾਂਗੇ? ਯਾਦ ਰੱਖੋ ! ਜੇ ਗੁਰੂਦੇ ਉਪਦੇਸ਼ ਨਹੀਂ ਮੰਨਣੇ, ਗੁਰੂਦੇ ਹੁਕਮਾਂ ਅਨੁਸਾਰ ਨਹੀਂ ਚੱਲਣਾ ਤਾਂ ਗੁਰੂਦੀਆਂ ਖੁਸ਼ੀਆਂ ਪ੍ਰਾਪਤ ਨਹੀਂ ਹੋ ਸਕਣਗੀਆਂ । ਪਿਤਾ ਉਸੇ ਪੁੱਤਰ 'ਤੇ ਪ੍ਰਸੰਨ ਹੁੰਦਾ ਹੈ ਜੋ ਪਿਤਾ ਦਾ ਹੁਕਮ ਮੰਨੇ। ਜੇ ਪੁੱਤਰ ਸਲਾਮ ਤਾਂ ਕਰੇ ਪਰ ਹੁਕਮ ਮੰਨਣ ਦੀ ਥਾਂ ਜੁਆਬ ਦੇਵੇ ਤਾਂ ਇਹੋ ਜਿਹੇ ਪੁੱਤਰ ਦੀ ਸਲਾਮ ਕਿਸੇ ਕੰਮ ਨਹੀਂ। ਅਸੀਂ ਜੇ ਗੁਰੂਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਹਾਂ ਤਾਂ ਸਾਡਾ ਇਹ ਵੀ ਫ਼ਰਜ਼ ਹੈ ਕਿ ਗੁਰਬਾਣੀ ਦੇ ਹੁਕਮਾਂ ਨੂੰ ਮੰਨੀਏ, ਨਹੀਂ ਤਾਂ :

**ਸਲਾਮੁ ਜਬਾਬੁ ਦੋਵੈ ਕਰੇ, ਮੁੰਢਹੁ ਘੁਥਾ ਜਾਇ ॥**

**ਨਾਨਕ ਦੋਵੈ ਕੂੜੀਆ, ਥਾਇ ਨ ਕਾਈ ਪਾਇ ॥** (ਪੰਨਾ 474)

**ਦੇ ਅਨੁਸਾਰ ਅਸੀਂ ਗੁਰੂਤੋਂ ਬੇਮੁਖ ਹੀ ਸਮਝੇ ਜਾਵਾਂਗੇ ।**

ਗੁਰੂਬਖਸ਼ਿਸ਼ ਕਰੇ, ਸਮਰੱਥਾ ਬਖਸ਼ੇ ਕਿ ਅਸੀਂ ਗੁਰੂਦੇ ਮਾਰਗ 'ਤੇ ਚੱਲ ਸਕੀਏ ।

ਸ਼ਰਾਬ ਦਾ ਰਸ ਛੱਡੀਏ, ਅੰਮ੍ਰਿਤ ਛਕ ਕੇ ਗੁਰੂਵਾਲੇ ਬਣੀਏ। ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਕੇ ਛਕਣ ਦੇ ਸੁਨਹਿਰੀ ਉਪਦੇਸ਼ਾਂ ਨੂੰ ਹਿਰਦੇ ਵਿਚ ਵਸਾ ਕੇ ਹੀ ਅਸੀਂ ਗੁਰੂਨਾਨਕ ਸਾਹਿਬ ਦੀਆਂ ਖੁਸ਼ੀਆਂ ਦੇ ਪਾਤਰ ਬਣ ਸਕਦੇ ਹਾਂ।

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में तथा स्वतत्रंता अवश्य देखें तथा पढ़े।

www.sikhworld.info

jasbirsikhworldinfo@gmail.com

**ਉਪਰੋਕਤ ਵੈਬ ਸਾਇਟ ਵਿੱਚ ਦਸ ਗੁਰੂਸਾਹਿਬਾਨਾਂ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜੋ ਜੀ।**


**ਲਾਂਚ ਕਰਤਾ : ਜਸਬੀਰ ਸਿੰਘ**

**Mob. : 099881-60484, 62390-45985**

Type Setting : Radheshyam Choudhary

Mob. : 098149- 66882